**ਮਾਨਯੋਗ ਮੁੱਖ-ਮੰਤਰੀ ਜੀ, ਪੰਜਾਬ-ਕਮ-ਚੇਅਰਮੈਨ, ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਜੀ ਦੀ ਪ੍ਰਧਾਨਗੀ ਹੇਠ ਮਿਤੀ 23-10-2020 ਨੂੰ ਦੁਪਹਿਰ ਬਾਅਦ 03.00 ਵਜੇ ਵੀਡਿਉ ਕਾਨਫਰਸਿੰਗ ਰਾਂਹੀਂ ਹੋਈ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ 26ਵੀਂ ਮੀਟਿੰਗ ਦੀ ਕਾਰਵਾਈ।**

ਮੀਟਿੰਗ ਵਿੱਚ ਹੇਠ ਅਨੁਸਾਰ ਮੈਂਬਰਾਂ ਨੇ ਭਾਗ ਲਿਆ:-

| ਲੜੀ ਨੰ: | ਅਧਿਕਾਰੀ ਦਾ ਨਾਮ ਅਤੇ ਅਹੁੱਦਾ (ਸਰਵ ਸ੍ਰੀ/ਸ੍ਰੀਮਤੀ) | |
|---|---|---|
| 1 | ਸੁਖਬਿੰਦਰ ਸਿੰਘ ਸਰਕਾਰੀਆ, ਮੰਤਰੀ ਇੰਚਾਰਜ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ। | ਮੈਂਬਰ |
| 2 | ਵਿੰਨੀ ਮਹਾਜਨ, ਆਈ.ਏ.ਐਸ., ਮੁੱਖ ਸਕੱਤਰ, ਪੰਜਾਬ ਸਰਕਾਰ, ਪੰਜਾਬ, ਚੰਡੀਗੜ੍ਹ। | ਮੈਂਬਰ |
| 3 | ਸਰਵਜੀਤ ਸਿੰਘ, ਆਈ.ਏ.ਐਸ, ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ। | ਮੈਂਬਰ |
| 4 | ਕੇ.ਏ.ਪੀ. ਸਿਨਹਾ, ਆਈ.ਏ.ਐਸ., ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ। | ਮੈਂਬਰ |
| 5 | ਏ.ਕੇ. ਸਿਨਹਾ, ਆਈ.ਏ.ਐਸ., ਸਕੱਤਰ, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ। | ਮੈਂਬਰ |
| 6 | ਪ੍ਰਦੀਪ ਕੁਮਾਰ ਅਗਰਵਾਲ, ਆਈ.ਏ.ਐਸ., ਮੁੱਖ ਪ੍ਰਸ਼ਾਸਕ, ਗਮਾਡਾ। | ਮੈਂਬਰ |
| 7 | ਪੰਕਜ ਬਾਵਾ, ਮੁੱਖ ਨਗਰ ਯੋਜਨਾਕਾਰ, ਪੰਜਾਬ। | ਮੈਂਬਰ |

ਮੀਟਿੰਗ ਵਿੱਚ ਹੇਠ ਦਰਸਾਏ ਅਨੁਸਾਰ ਅਥਾਰਿਟੀ ਵੱਲੋਂ ਮੱਦ-ਵਾਰ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਹੇਠ ਅਨੁਸਾਰ ਫੈਸਲਾ ਲਿਆ ਗਿਆ :-

**ਮੱਦ ਨੰ: 26.01**

**ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ 25ਵੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਅਥਾਰਿਟੀ ਵੱਲੋਂ ਗਮਾਡਾ ਅਥਾਰਿਟੀ ਦੀ ਮਿਤੀ 19.06.2019 ਨੂੰ ਹੋਈ 25ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਮੱਦ ਨੰ: 26.02**

**ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ ਦੀ 25ਵੀਂ ਮੀਟਿੰਗ ਜੋ ਕਿ ਮਿਤੀ 19-06-2019 ਨੂੰ ਹੋਈ ਸੀ, ਵਿੱਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ-ਵਾਰ ਵਿਵਰਣ ।**

ਅਥਾਰਿਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਗਮਾਡਾ ਅਥਾਰਿਟੀ ਦੀ 25 ਵੀਂ ਮੀਟਿੰਗ ਜੋ ਕਿ ਮਿਤੀ 19.06.2019 ਨੂੰ ਹੋਈ ਵਿੱਚ ਲਏ ਗਏ ਫੈਸਲਿਆਂ ਤੇ ਦਫਤਰ ਵੱਲੋਂ ਕੀਤੇ ਗਈ ਕਾਰਵਾਈ ਦੇ ਮੱਦ-ਵਾਰ ਵਿਵਰਣ ਤੇ ਤਸੱਲੀ ਪ੍ਰਗਟਾਈ।

**ਮੱਦ ਨੰ: 26.03**

**ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਮਿਤੀ 13-01-2020 ਨੂੰ ਹੋਈ 22ਵੀਂ ਮੀਟਿੰਗ ਦੀ ਕਾਰਵਾਈ ਦੀ ਸਤਿਆਪਨ (ਰੈਟੀਫਿਕੇਸ਼ਨ) ਬਾਰੇ।**

ਅਥਾਰਿਟੀ ਵੱਲੋਂ ਗਮਾਡਾ ਦੀ ਕਾਰਜਕਾਰੀ ਕਮੇਟੀ ਦੀ 22ਵੀਂ ਮੀਟਿੰਗ ਜੋ ਕਿ ਮਿਤੀ 13.01.2020 ਨੂੰ ਹੋਈ, ਦੀ ਕਾਰਵਾਈ ਨੂੰ ਨੋਟ ਕੀਤਾ ਗਿਆ।

**ਮੱਦ ਨੰ: 26.04**

**ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਮਿਤੀ 16-07-2020 ਨੂੰ ਹੋਈ 23ਵੀਂ ਮੀਟਿੰਗ ਦੀ ਕਾਰਵਾਈ ਦੀ ਸਤਿਆਪਨ (ਰੈਟੀਫਿਕੇਸਨ) ਬਾਰੇ।**

ਅਥਾਰਿਟੀ ਵੱਲੋਂ ਗਮਾਡਾ ਦੀ ਕਾਰਜਕਾਰੀ ਕਮੇਟੀ ਦੀ 23ਵੀਂ ਮੀਟਿੰਗ ਜੋ ਕਿ ਮਿਤੀ 16.07.2020 ਨੂੰ ਹੋਈ, ਦੀ ਕਾਰਵਾਈ ਨੂੰ ਨੋਟ ਕੀਤਾ ਗਿਆ।

**ਮੱਦ ਨੰ: 26.05**

**ਜੀ.ਐਚ.-02 ਸਾਈਟ ਈਕੋਸਿਟੀ-02 ਐਕਸਟੈਂਸਨ ਨਿਊ ਚੰਡੀਗੜ੍ਹ ਲਈ ਪ੍ਰਾਪਤ ਹੋਈਆਂ ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਈਟੀਆਂ ਦੀਆਂ ਅਰਜੀਆਂ ਦਾ ਨਿਪਟਾਰਾ ਕਰਨ ਸਬੰਧੀ।**

ਅਥਾਰਿਟੀ ਵੱਲੋਂ ਮੱਦ ਤੇ ਵਿਚਾਰ-ਵਟਾਂਦਰਾ ਕਰਦੇ ਹੋਏ ਇਕੋਸਿਟੀ-02 ਐਕਸਟੈਨਸ਼ਨ ਨਿਊ ਚੰਡੀਗੜ੍ਹ ਵਿਖੇ 2.50 ਏਕੜ ਦੀ ਸਾਈਟ ਜੀ.ਐਚ.02 ਦੀ ਅਲਾਟਮੈਂਟ The Oil Industry

Employees Cooperative House Building Society Ltd. ਨੂੰ ਅਲਾਟ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

## ਮੱਦ ਨੰ: 26.06

**ਸੈਕਟਰ 76-80 ਵਿਖੇ 13 ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀਆਂ ਵਿਖੇ ਫਲੈਟ ਟਰਾਂਸਫਰ ਕਰਨ ਸਬੰਧੀ 10 ਸਾਲਾਂ ਲਈ ਲਗਾਈ ਸ਼ਰਤ ਵਿੱਚ ਢਿੱਲ ਦਿੰਦੇ ਹੋਏ 05 ਸਾਲ ਕਰਨ ਸਬੰਧੀ**

ਅਥਾਰਿਟੀ ਵੱਲੋਂ ਮੱਦ ਤੇ ਵਿਚਾਰ-ਵਟਾਂਦਰੇ ਉਪਰੰਤ ਸੈਕਟਰ-76-80 ਵਿਖੇ ਕੋਆਪਰੇਟਿਵ ਹਾਊਸਿੰਗ ਬਿਲਡਿੰਗ ਸੋਸਾਇਟੀਆਂ ਦੇ ਮੈਂਬਰਾਂ ਨੂੰ ਆਪਣੇ ਪਰਿਵਾਰ ਵਿੱਚ ਫਲੈਟ ਟਰਾਂਸਫਰ ਕਰਨ ਸਬੰਧੀ ਲਗਾਈ ਗਈ 10 ਸਾਲਾਂ ਦੀ ਰੋਕ ਨੂੰ ਘਟਾ ਕੇ 05 ਸਾਲ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

## ਮੱਦ ਨੰ: 26.07

**ਲੈਂਡ ਪੂਲਿੰਗ ਸਕੀਮ ਅਧੀਨ ਫੈਮਲੀ ਵਿੱਚ ਪ੍ਰਾਪਰਟੀ ਟਰਾਂਸਫਰ ਹੋਣ ਉਪਰੰਤ ਅਸਲ ਭੌ ਮਾਲਕ ਨੂੰ ਮਿਲਣ ਵਾਲੀਆਂ ਸਹੂਲਤਾਂ ਬਰਕਰਾਰ ਰੱਖਣ ਸਬੰਧੀ।**

ਅਥਾਰਿਟੀ ਵੱਲੋਂ ਮੱਦ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ:-

1) ਲੈਂਡ ਪੂਲਿੰਗ ਦੇ ਅਸਲ ਭੌ ਮਾਲਕਾਂ ਨੂੰ ਫੈਮਿਲੀ ਟਰਾਂਸਫਰ ਕੇਸ ਵਿੱਚ ਉਸਾਰੀ ਦਾ ਸਮਾਂ ਤਿੰਨ ਸਾਲ ਤੋਂ ਵਧਾ ਕੇ ਪੰਜ ਸਾਲ ਕੀਤਾ ਗਿਆ।
2) ਲੈਂਡ ਪੂਲਿੰਗ ਦੇ ਅਸਲ ਭੌ ਮਾਲਕਾਂ ਨੂੰ ਫੈਮਿਲੀ ਟਰਾਂਸਫਰ ਦੇ ਕੇਸ ਵਿੱਚ ਟਰਾਂਸਫਰ ਫੀਸ ਮੁਆਫ਼ ਕੀਤੀ ਗਈ, ਪਰੰਤੂ ਬਾਕੀ ਚਾਰਜਿਸ ਪਹਿਲਾਂ ਦੀ ਤਰ੍ਹਾਂ ਹੀ ਲਾਗੂ ਰਹਿਣਗੇ।

## ਮੱਦ ਨੰ: 26.08

**ਸੈਕਟਰ 76-80 ਐਸ.ਏ.ਐਸ.ਨਗਰ ਵਿੱਚ ਪ੍ਰਾਪਤ ਕੀਤੀ ਸਪੈਸ਼ਲ ਪੈਕਜ ਤਹਿਤ ਲੈਂਡ ਪੂਲਿੰਗ ਤਹਿਤ ਭੌ ਮਾਲਕਾਂ ਨੂੰ ਸਹੂਲਤ ਸਰਟੀਫਿਕੇਟ ਦੀ ਮਿਆਦ ਵਧਾਉਣ ਅਤੇ ਨਵੀਆਂ ਸਕੀਮਾਂ ਵਿੱਚ ਲਾਗੂ ਕਰਨ ਸਬੰਧੀ।**

ਅਥਾਰਿਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਪੰਜਾਬ ਕੈਬਨਿਟ ਦੇ ਫੈਸਲੇ ਨੂੰ ਅਡਾਪਟ ਕੀਤਾ ਗਿਆ ਕਿ ਹੁਣ ਸਹੂਲਤ ਸਰਟੀਫਿਕੇਟ ਦੀ ਦੋ ਸਾਲ ਦੀ ਮਿਆਦ ਅਵਾਰਡ ਦੀ ਮਿਤੀ ਦੀ ਬਜਾਏ ਪਲਾਟ ਅਲਾਟਮੈਂਟ ਦੀ ਮਿਤੀ ਤੋਂ ਮੰਨੀ ਜਾਵੇਗੀ।

**ਮੱਦ ਨੰ: 26.09**

**ਐਰੋਸਿਟੀ, ਐਸ.ਏ.ਐਸ.ਨਗਰ ਵਿਖੇ ਕਮਰਸ਼ੀਅਲ ਸਾਇਟਾਂ ਦੀ ਪਲੈਨਿੰਗ ਕਰਨ ਸਬੰਧੀ।**

ਅਥਾਰਿਟੀ ਵੱਲੋਂ ਮੱਦ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਕੇਸ ਨੂੰ compassionate ground ਤੇ ਡੀਲ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਇਸ ਸਕੀਮ ਅਧੀਨ ਆਉਂਦੇ ਲੈਂਡ ਪੂਲਿੰਗ ਲਾਭਪਾਤਰੀਆਂ ਨੂੰ 60 ਵਰਗ ਗਜ ਕਮਰਸ਼ੀਅਲ ਦੀ ਥਾਂ ਤੇ 100 ਵਰਗ ਗਜ ਕਮਰਸ਼ੀਅਲ ਥਾਂ ਦੇਣ ਦਾ ਫੈਸਲਾ ਕੀਤਾ ਗਿਆ।

**ਮੱਦ ਨੰ: 26.10**

**Land Pooling norms for the acquisition of land for Urban Residential and Industrial Estates in GMADA jurisdiction.**

ਅਥਾਰਿਟੀ ਵੱਲੋਂ ਕੈਬਨਿਟ ਮੀਟਿੰਗ ਵਿੱਚ ਗਮਾਡਾ ਦੀ ਪ੍ਰਵਾਨ ਕੀਤੀ ਗਈ ਲੈਂਡ ਪੂਲਿੰਗ ਪਾਲਿਸੀ ਨੂੰ ਅਡਾਪਟ ਕਰਨ ਦਾ ਫੈਸਲਾ ਕੀਤਾ ਗਿਆ।

**ਮੱਦ ਨੰ: 26.11**

**ਗਮਾਡਾ ਦੀ ਸਾਲ 2017-18 ਦੀ ਸਾਲਾਨਾਂ ਪ੍ਰਸ਼ਾਸ਼ਕੀ ਰਿਪੋਰਟ ਸਬੰਧੀ।**

ਅਥਾਰਿਟੀ ਵੱਲੋਂ ਗਮਾਡਾ ਦੀ ਸਾਲ 2017-2018 ਦੀ ਸਲਾਨਾ ਪ੍ਰਸ਼ਾਸਕੀ ਰਿਪੋਰਟ ਨੂੰ ਮਨਜ਼ੂਰੀ ਦਿੱਤੀ ਗਈ।

**ਮੱਦ ਨੰ: 26.12**

**Setting a lower reserve price and offering higher discount on down payment in auction of sites and need for increasing pace of turnover of inventory in GMADA.**

ਅਥਾਰਿਟੀ ਵੱਲੋਂ ਕਾਰਜਕਾਰੀ ਕਮੇਟੀ ਵਿੱਚ ਕੀਤੇ ਫੈਸਲੇ ਦੀ ਰੈਟੀਫਿਕੇਸ਼ਨ ਕੀਤੀ ਗਈ ।

**ਮੱਦ ਨੰ: 26.13**

**ਗਮਾਡਾ ਅਥਾਰਿਟੀ ਦੇ ਸਾਲ 2018-19 ਦੇ ਸਲਾਨਾ ਲੇਖਿਆਂ ਦੀ ਅਥਾਰਿਟੀ ਦੀ ਮੀਟਿੰਗ ਵਿੱਚ ਪ੍ਰਵਾਨਗੀ ਸਬੰਧੀ।**

ਅਥਾਰਿਟੀ ਵੱਲੋਂ ਗਮਾਡਾ ਦੀ ਸਾਲ 2019-2020 ਦੀ ਸਾਲਾਨਾ ਲੇਖੇ-ਜੋਖਿਆਂ ਦੀ ਵਿਚਾਰ-ਵਟਾਂਦਰੇ ਉਪਰੰਤ ਮਨਜ਼ੂਰੀ ਦਿੱਤੀ ਗਈ ।

**ਮੱਦ ਨੰ: 26.14**

**Development of Industrial Sector 101 & 103, S.A.S Nagar.**

ਅਥਾਰਿਟੀ ਵੱਲੋਂ ਮੱਦ ਤੇ ਵਿਚਾਰ-ਵਟਾਂਦਰੇ ਉਪਰੰਤ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ:-

1) ਗਮਾਡਾ ਵੱਲੋਂ ਤਜਵੀਜਤ ਸੈਕਟਰ 101 ਵਿੱਚ ਲਗਭਗ 530 ਏਕੜ ਭੌਂ ਪ੍ਰਾਪਤ ਕਰਕੇ ਉਦਯੋਗਿਕ ਸੈਕਟਰ ਵਿਕਸਤ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

2) 250 ਏਕੜ ਵਿੱਚ ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ ਵੱਲੋਂ ਤਜਵੀਜਤ ਲੇ-ਆਊਟ ਪਲੈਨ ਮੁਤਾਬਿਕ ਪ੍ਰਾਈਵੇਟ ਡਿਵੈਲਪਮੈਂਟ ਦੀ ਮਨਜ਼ੂਰੀ ਦਿੱਤੀ ਗਈ, ਜਿਸ ਲਈ ਅਥਾਰਿਟੀ ਵੱਲੋਂ ਸਪੈਸ਼ਲ ਡਿਵੈਲਪਮੈਂਟ ਚਾਰਜਿਸ (50 ਲੱਖ ਰੁਪਏ ਪ੍ਰਤੀ ਏਕੜ) ਚਾਰਜ ਕਰਨ ਦੀ ਤਜਵੀਜ ਦੀ ਵੀ ਪ੍ਰਵਾਨਗੀ ਦਿੱਤੀ ਗਈ।

3) ਵਿਭਾਗ ਵੱਲੋਂ ਦਿੱਤੀ ਤਜਵੀਜ ਕਿ ਅੰਦਰੂਨੀ ਵਿਕਾਸ ਕਾਰਜ ਉਦਯੋਗਪਤੀਆਂ ਵੱਲੋਂ ਹੀ ਕੀਤੇ ਜਾਣਗੇ, ਦੀ ਮਨਜ਼ੂਰੀ ਵੀ ਦਿੱਤੀ ਗਈ।

**ਮੱਦ ਨੰ: 26.15**

**ਲੈਂਡ ਪੂਲਿੰਗ ਸਕੀਮ, ਐਸ.ਏ.ਐਸ.ਨਗਰ ਗਮਾਡਾ ਵਿੱਚ ਭੌਂ ਮਾਲਕਾਂ ਨੂੰ ਅਲਾਟ ਕੀਤੇ ਪਲਾਟਾਂ ਦੀ ਪੀ.ਐਲ.ਸੀ (ਕਾਰਨਰ, ਫੇਸਿੰਗ ਪਾਰਕ ਅਤੇ ਕਾਰਨਰ+ਫੇਸਿੰਗ ਪਾਰਕ) ਦੀ ਰਕਮ ਵਸੂਲ ਕਰਨ ਸਬੰਧੀ।**

ਅਥਾਰਿਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ:-

1) ਮੌਜੂਦਾ ਸਕੀਮ ਦੀ ਲੈਂਡ ਪੂਲਿੰਗ ਪਾਲਿਸੀ ਵਿੱਚ ਭਾਗ ਲੈਣ ਵਾਲੇ ਅਸਲ ਭੌਂ ਮਾਲਕਾਂ ਨੂੰ ਹੀ Preferential Location Charges (PLC) ਮੁਆਫ ਕੀਤੇ ਗਏ।

2) ਅਸਲ ਭੌਂ ਮਾਲਕਾਂ ਤੋਂ ਬਾਅਦ ਵਾਲੇ ਖਰੀਦਦਾਰ (subsequent purchaser) ਤੋਂ PLC ਚਾਰਿਜਸ ਵਸੂਲ ਕੀਤੇ ਜਾਣਗੇ।

3) ਭਵਿੱਖ ਵਿੱਚ ਆਉਣ ਵਾਲੀਆਂ ਸਕੀਮਾਂ ਦੇ ਲਈ Land pooling beneficiaries i.e. ਅਸਲ ਭੌਂ ਮਾਲਕਾਂ ਅਤੇ subsequent purchaser of LOI ਨੂੰ allot ਕੀਤੇ ਜਾਣ ਵਾਲੇ ਡਰਾਅ ਵਿਚ preferential plots ਨੂੰ ਸ਼ਾਮਿਲ ਨਾ ਕੀਤਾ ਜਾਵੇ ।

<u>ਮੱਦ ਨੰ: 26.16</u>

**ਆਈ.ਟੀ.ਸਿਟੀ ਐਸ.ਏ.ਐਸ.ਨਗਰ 753 ਪਲਾਟਾਂ ਦੀ ਸਕੀਮ ਅਧੀਨ ਫਾਰਮ ਨੰਬਰ 22821 ਸਾਈਜ 500 ਵਰਗ ਗਜ ਕੈਟਾਗਿਰੀ ਕੋਡ ਏ ਵਿਰੁੱਧ ਸਫਲ ਹੋਈ ਬਿਨੈਕਾਰਾ ਵਲੋਂ ਜਮ੍ਹਾਂ ਕਰਵਾਈ ਗਈ 10 ਪ੍ਰਤੀਸ਼ਤ ਰਕਮ ਰਿਫੰਡ ਕਰਨ ਬਾਰੇ।**

ਅਥਾਰਿਟੀ ਵੱਲੋਂ ਇਸ ਮੱਦ ਨੂੰ compassionate ground ਤੇ ਵਿਚਾਰਦੇ ਹੋਏ ਪ੍ਰਵਾਨ ਕੀਤਾ ਗਿਆ ਅਤੇ ਨਾਲ ਹੀ ਇਹ ਵੀ ਹਦਾਇਤ ਕੀਤੀ ਗਈ ਕਿ ਇਹ ਫੈਸਲਾ ਭਵਿੱਖ ਵਿੱਚ ਕਿਸੇ ਹੋਰ ਕੇਸ ਲਈ precedent ਦੇ ਤੌਰ ਤੇ ਨਹੀਂ ਮੰਨਿਆ ਜਾਵੇਗਾ।

<u>ਮੱਦ ਨੰ: 26.17</u>

**ਗਮਾਡਾ ਵਲੋ ਮਿਤੀ 12.05.2015 ਤੋ ਮਿਤੀ 31.03.2019 ਤੱਕ ਲਾਇਸੰਸ ਫੀਸ ਦੀ ਅਤੇ ਮਿਤੀ 01.11.2016 ਤੋ ਮਿਤੀ 31.03.2019 ਤੱਕ ਈ.ਡੀ.ਸੀ. ਵਰਤੀ ਰਕਮ ਦੀ ਕਾਰਜ-ਬਾਅਦ ਪ੍ਰਵਾਨਗੀ ਲੈਣ ਸਬੰਧੀ।**

ਅਥਾਰਿਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਲਾਇਸੰਸ ਫੀਸ ਅਤੇ ਈ.ਡੀ.ਸੀ. ਵਿੱਚੋਂ ਕੀਤੇ ਖਰਚੇ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

<u>ਮੱਦ ਨੰ: 26.18</u>

ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਲਈ ਪਾਲਿਸੀ ਨਿਰਧਾਰਿਤ ਕਰਨ ਸਬੰਧੀ।

ਅਥਾਰਿਟੀ ਵੱਲੋਂ ਕਾਰਜਕਾਰੀ ਕਮੇਟੀ ਦੀ ਮਿਤੀ 16.07.2020 ਨੂੰ ਹੋਈ ਮੀਟਿੰਗ ਵਿੱਚ ਲਏ ਫੈਸਲੇ ਨੂੰ ਪ੍ਰਵਾਨ ਕੀਤਾ ਗਿਆ ਅਤੇ ਫੈਸਲਾ ਆਉਣ ਵਾਲੇ ਵਿੱਤੀ ਸਾਲ ਤੋਂ ਲਾਗੂ ਹੋਵੇਗਾ।

**ਮੱਦ ਨੰ: 26.19**

**ਗਮਾਡਾ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਲਈ ਵੱਖ-ਵੱਖ ਬੈਕਾਂ ਤੋ ਲਏ ਗਏ ਕਰਜਿਆਂ ਸਬੰਧੀ।**

ਅਥਾਰਿਟੀ ਵੱਲੋਂ ਗਮਾਡਾ ਦੀ ਕਾਰਜਕਾਰੀ ਕਮੇਟੀ ਵਿੱਚ ਵੱਖ-ਵੱਖ ਬੈਂਕਾਂ ਤੋਂ ਵਿਕਾਸ ਕਾਰਜਾਂ ਲਈ ਲਏ ਗਏ ਕਰਜੇ ਦੇ ਫੈਸਲੇ ਨੂੰ ਨੋਟ ਕੀਤਾ ਗਿਆ ਅਤੇ ਪ੍ਰਾਪਰਟੀ ਦੇ ਵਰਤਮਾਨ ਮਾਰਕੀਟ scenario ਨੂੰ ਵੇਖਦੇ ਹੋਏ ਬੈਂਕਾਂ ਨਾਲ ਤਾਲਮੇਲ ਕਰਕੇ ਵਿਆਜ ਦਰ ਘਟਾਉਣ ਲਈ ਹਦਾਇਤ ਕੀਤੀ।

**ਮੱਦ ਨੰ: 26.20**

**Allowing Hostel-cum-transit facility at the site allotted for setting up of Old Age Home for ex-servicemen at Sector-68, S.A.S. Nagar.**

ਅਥਾਰਿਟੀ ਵੱਲੋਂ ਮੱਦ ਨੂੰ ਘੋਖਣ ਤੋਂ ਬਾਅਦ ਡਿਫੈਂਸ ਸਰਵਿਸਿਜ ਵੈੱਲਫੇਅਰ ਡਿਪਾਰਟਮੈਂਟ ਨੂੰ ਓਲਡ ਏਜ ਹੋਮ ਦੇ ਨਾਲ ਨਾਲ ਹੋਸਟਲ-ਕਮ-ਟਰਾਂਜਿਟ ਫੈਸਿਲਿਟੀ ਵਰਤਣ ਦੀ ਪ੍ਰਵਾਨਗੀ ਦਿੱਤੀ ਗਈ।

**ਮੱਦ ਨੰ: 26.21**

**Development of Expo-City near Airport and IT-City in S.A.S Nagar.**

ਅਥਾਰਿਟੀ ਵੱਲੋਂ ਮੱਦ ਨੂੰ ਘੋਖਣ ਤੋਂ ਬਾਅਦ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ:-

1) ਐਕਸਪੋਸਿਟੀ ਦੀ land acquisition proceedings ਨੂੰ ਡਰਾਪ ਕਰ ਦਿੱਤਾ ਜਾਵੇ।

2) ਇਸ ਏਰੀਏ ਦੇ ਵਿਕਾਸ ਲਈ ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ ਵੱਲੋਂ ਤਿਆਰ ਕੀਤੇ ਗਏ ਲੇ-ਆਊਟ ਪਲੈਨ ਮੁਤਾਬਿਕ ਨਿੱਜੀ ਨਿਵੇਸ਼ਕਾਂ ਵੱਲੋਂ ਏਅਰਪੋਰਟ ਰੋਡ ਅਤੇ ਸੈਕਟਰ ਰੋਡ ਲਈ 3 ਕਰੋੜ ਰੁਪਏ ਪ੍ਰਤੀ ਏਕੜ ਸਪੈਸ਼ਲ ਡਿਵੈਲਪਮੈਂਟ ਚਾਰਜਿਸ ਅਤੇ ਅੰਦਰੂਨੀ ਰੋਡਜ਼ ਲਈ 1.5 ਕਰੋੜ ਰੁਪਏ ਪ੍ਰਤੀ ਏਕੜ ਸਪੈਸ਼ਲ ਡਿਵੈਲਪਮੈਂਟ ਚਾਰਜਿਸ ਮਨਜ਼ੂਰ ਕੀਤਾ ਗਿਆ। ਇਸ 183 ਏਕੜ ਭੌਂ ਤੇ ਗਮਾਡਾ ਵੱਲੋਂ ਕੋਈ ਵਿਕਾਸ ਕਾਰਜ

ਨਹੀਂ ਕੀਤਾ ਜਾਵੇਗਾ ਅਤੇ ਨਿਵੇਸ਼ਕਾਂ ਵੱਲੋਂ ਸਾਰਾ ਢਾਂਚਾ ਆਪਣੀ ਪੱਧਰ ਤੇ ਸਥਾਪਿਤ ਕੀਤਾ ਜਾਵੇਗਾ।

**ਮੱਦ ਨੰ: 26.22**

**Agenda for the Revised Budget Estimates for the year 2019-20 and Budget Estimates for the year 2020-21.**

ਅਥਾਰਿਟੀ ਵੱਲੋਂ ਗਮਾਡਾ ਦਾ 2019-2020 ਦਾ ਰੀਵਾਈਜ਼ਡ ਬਜਟ ਐਸਟੀਮੇਟ ਅਤੇ 2020-2021 ਦਾ ਬਜਟ ਐਸਟੀਮੇਟ ਪ੍ਰਵਾਨ ਕੀਤਾ ਗਿਆ।

ਮੀਟਿੰਗ ਧੰਨਵਾਦ ਦੇ ਮਤੇ ਸਹਿਤ ਸਮਾਪਤ ਹੋਈ।

ਮੁੱਖ ਮੰਤਰੀ, ਪੰਜਾਬ।